## ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

## ਵਣ ਕੰਪਲੈਕਸ, ਸੈਕਟਰ-68 ਮੋਹਾਲੀ

## <u>ਜਨਤਕ ਨੋਟਿਸ</u>

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਲੋਂ ਇਸ਼ਤਿਹਾਰ ਨੰ: 04 ਆਫ 2021 ਅਧੀਨ ਸਕੂਲ ਲਾਇਬ੍ਰੇਰੀਅਨ ਦੀਆਂ 693 ਅਸਾਮੀਆਂ ਦੀ ਭਰਤੀ ਲਈ ਮਿਤੀ 02/04/2021 ਨੂੰ ਵੱਖ-ਵੱਖ ਅਖਬਾਰਾਂ/ ਬੋਰਡ ਦੀ ਵੈਬਸਾਇਟ ਤੇ ਪ੍ਰਕਾਸ਼ਿਤ ਇਸ਼ਤਿਹਾਰ ਰਾਹੀਂ ਅਰਜੀਆਂ ਦੀ ਮੰਗ ਕੀਤੀ ਗਈ ਸੀ। ਇਸ ਭਰਤੀ ਲਈ ਲਿਖਤੀ ਪ੍ਰੀਖਿਆ ਮਿਤੀ 18/07/2021 ਨੂੰ ਲਈ ਗਈ ਸੀ। ਜਿਸਦਾ ਨਤੀਜਾ ਬੋਰਡ ਦੀ ਵੈਬਸਾਈਟ ਤੇ ਮਿਤੀ 24/07/2021 ਨੂੰ ਜਾਰੀ ਕਰ ਦਿੱਤਾ ਗਿਆ ਹੈ। ਨਤੀਜਾ ਮਿਤੀ 24/7/2021 ਅਨੁਸਾਰ ਵੱਖ-ਵੱਖ ਕੈਟਾਗਰੀ ਵਿੱਚ ਉਪਲੱਬਧ ਅਸਾਮੀਆਂ ਦੀ ਗਿਣਤੀ ਅਨੁਸਾਰ ਉਮੀਦਵਾਰਾਂ ਦੀ ਕੌਂਸਲਿੰਗ **<u>ਮਿਤੀ 11/8/2021 ਦਿਨ ਬੁੱਧਵਾਰ ਤੋਂ ਮਿਤੀ: 18/08/2021 ਦਿਨ ਬੁੱਧਵਾਰ ਤੱਕ ਵਣ ਭਵਨ, ਸੈਕਟਰ 68 ਮੋਹਾਲੀ ਵਿਖੇ ਕੀਤੀ ਜਾਣੀ ਹੈ।</u>**

2. ਇਸ਼ਤਿਹਾਰ 04 ਆਫ2021 ਅਧੀਨ ਪ੍ਰਕਾਸ਼ਿਤ ਸਕੂਲ ਲਾਇਬ੍ਰੇਰੀਅਨ ਦੀਆਂ ਅਸਾਮੀਆਂ ਉਤੇ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ: 7/204/2012-4ਐਫ.ਪੀ1/66, ਮਿਤੀ 15-01-2015 ਅਤੇ ਇਸ ਸਬੰਧੀ ਸਮੇਂ ਸਮੇਂ ਤੇ ਜਾਰੀ ਹੋਈਆਂ ਹਦਾਇਤਾਂ ਲਾਗੂ ਹੋਣਗੀਆਂ ।

3. **ਇਸ਼ਤਿਹਾਰ 04 ਆਫ 2021 ਅਧੀਨ ਸਕੂਲ ਲਾਇਬ੍ਰੇਰੀਅਨ ਦੀਆਂ 693 ਅਸਾਮੀਆਂ ਲਈ ਕੌਂਸਲਿੰਗ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-**

| ਲੜੀ ਨੰ | ਕੈਟਾਗਰੀ | ਲਿਖਤੀ ਪ੍ਰੀਖਿਆ ਮਿਤੀ: 18.07.2021 ਵਿਚ ਪ੍ਰਾਪਤ ਅੰਕ | ਕੌਂਸਲਿੰਗ ਦੀ ਮਿਤੀ ਅਤੇ ਸਮਾਂ |
|---|---|---|---|
| 1. | General | 64.50 ਜਾਂ ਉਸ ਤੋਂ ਵੱਧ ਅੰਕ | 11.08.2021, 09:00 a.m. |
| | | 54 ਤੋਂ 64.50 ਤੱਕ | 12.08.2021, 09:00 a.m. |
| | | 48 ਤੋਂ 54 ਤੱਕ | 13.08.2021, 09:00 a.m. |
| 2. | EWS | 48 ਜਾਂ ਉਸ ਤੋਂ ਵੱਧ ਅੰਕ | 16.08.2021, 09:00 a.m |
| 3. | SC (M&B) | | |
| 4. | SC (R&O) | 60 ਜਾਂ ਉਸ ਤੋਂ ਵੱਧ ਅੰਕ | 16.08.2021, 09:00 a.m. |
| | | 48 ਤੋਂ 60 ਤੱਕ | 17.08.2021, 09:00 a.m. |
| 5. | BC | 48 ਜਾਂ ਉਸ ਤੋਂ ਵੱਧ ਅੰਕ | 18.08.2021, 09:00 a.m. |
| 6. | ESM (Gen) | | |
| 7. | ESM (M&B) | | |
| 8. | ESM (R&O) | | |
| 9. | ESM (BC) | | |
| 10. | Freedom Fighter | | |
| 11. | Physical Handicapped | | |
| 12. | Sports (Gen) & (R&O) | | |

4. ਉਮੀਦਵਾਰ ਆਪਣੇ ਅਸਲ ਦਸਤਾਵੇਜਾਂ ਸਮੇਤ ਪੈਰ੍ਹਾ-3 ਵਿੱਚ ਦਰਸਾਏ ਸ਼ਡਿਊਲ ਅਨੁਸਾਰ ਕੌਂਸਲਿੰਗ ਵਿੱਚ ਹਾਜਰ ਹੋਣਾ ਯਕੀਨੀ ਬਣਾਉਣ, ਇਸ ਸਬੰਧੀ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ। ਕੌਂਸਲਿੰਗ ਵਿੱਚ ਨਾਮ ਆ ਜਾਣ ਅਤੇ ਹਾਜਰ ਹੋਣ ਨਾਲ ਕੋਈ ਵੀ ਉਮੀਦਵਾਰ ਸਬੰਧਤ ਅਸਾਮੀ ਤੇ ਨਿਯੁਕਤੀ ਦਾ ਅਧਿਕਾਰੀ ਨਹੀਂ ਬਣ ਜਾਂਦਾ ।

5 ਕੌਂਸਲਿੰਗ ਦੌਰਾਨ Covid-19 ਸਬੰਧੀ Annexure-A ਤੇ ਦਰਸਾਈਆਂ ਹਦਾਇਤਾਂ ਦੀ ਪਲਾਣਾ ਕਰਨ ਲਈ ਉਮੀਦਵਾਰ ਪਾਬੰਦ ਹੋਣਗੇ।

6. ਉਪਰੋਕਤ ਤੋਂ ਇਲਾਵਾ ਕੌਂਸਲਿੰਗ ਲਈ ਦਰਸਾਈ ਗਈ ਮਿਤੀ ਅਤੇ ਸਮੇਂ ਤੇ ਕੌਂਸਲਿੰਗ ਲਈ ਬੋਰਡ ਦੇ ਦਫਤਰ ਵਿੱਚ ਹਾਜਰ ਹੋਣ ਸਮੇਂ ਉਮੀਦਵਾਰ ਹੇਠ ਲਿਖੇ ਦਸਤਾਵੇਜ/ ਸਰਟੀਫਿਕੇਟ ਦੀਆਂ ਸਵੈ-ਤਸਦੀਕ ਸ਼ੁਦਾ ਫੋਟੋ ਕਾਪੀਆਂ **ਫਾਈਲ ਕਵਰ (ਨਾ ਕਿ ਪਲਾਸਟਿਕ ਦੇ ਫੋਲਡਰ ਵਿੱਚ)** ਟੈਗ ਨਾਲ ਨੱਥੀ ਕਰਕੇ ਪੇਸ਼ ਕਰਨਾ ਯਕੀਨੀ ਬਣਾਉਣ।

1) ਸਬੰਧਤ ਉਮੀਦਵਾਰ ਕੌਂਸਲਿੰਗ ਤੇ ਹਾਜਰ ਹੋਣ ਸਮੇਂ Annexure-B ਅਤੇ Annexure-C ਤੇ ਨੱਥੀ ਪ੍ਰੋਫਾਰਮਾ ਭਰ ਕੇ ਉਸ ਉਪਰ ਤਾਜ਼ਾ ਪਾਸਪੋਰਟ ਸਾਈਟ ਫੋਟੋ ਚਿਪਕਾ ਪੇਸ਼ ਕਰਨਗੇ;

2) ਜਨਮ ਮਿਤੀ ਅਤੇ ਦਸਵੀਂ ਪੱਧਰ ਤੇ ਪੰਜਾਬੀ ਪਾਸ ਦੇ ਸਬੂਤ ਵਜੋਂ ਮੈਟਰਿਕ ਦਾ ਅਸਲ ਸਰਟੀਫਿਕੇਟ;

3) ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ (ਡਿਟੇਲਡ ਮਾਰਕ ਕਾਰਡ ਅਤੇ ਡਿਗਰੀ);

4) ਸ਼ਨਾਖਤੀ ਸਬੂਤ ਵਜੋਂ ਪੈਨ ਕਾਰਡ/ ਅਧਾਰ ਕਾਰਡ/ ਪਾਸਪੋਰਟ/ ਵੋਟਰ ਸ਼ਨਾਖਤੀ ਕਾਰਡ/ ਡਰਾਇਵਿੰਗ ਲਾਇੰਸਸ (ਕੋਈ ਇੱਕ)

5) ਰਾਖਵੀਆਂ ਅਸਾਮੀਆਂ ਵਿਰੁੱਧ ਅਪਲਾਈ ਕੀਤੇ ਉਮੀਦਵਾਰਾਂ ਵਲੋਂ ਜਾਰੀ ਹਦਾਇਤਾਂ ਅਨੁਸਾਰ ਲੋੜੀਂਦੇ ਅਸਲ ਸਰਟੀਫਿਕੇਟ;

6) ਰਾਖਵੀਆਂ ਸ਼੍ਰੇਣੀਆਂ ਦੀ ਉਮੀਦਵਾਰ ਪੰਜਾਬ ਦੇ ਨਿਵਾਸੀ ਹੋਣ ਦੇ ਸਬੂਤ ਵਜੋ ਤਾਜਾ ਜਾਰੀ ਕੀਤੇ (5 ਸਾਲ ਤੋਂ ਘੱਟ ਪੁਰਾਣਾ) ਰਿਹਾਇਸ਼ੀ ਸਰਟੀਫਿਕੇਟ;

7) ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਵਲੋਂ ਭਲਾਈ ਵਿਭਾਗ ਦੀਆਂ ਜਾਰੀ ਹਦਾਇਤਾਂ ਅਨੁਸਾਰ ਕਰੀਮੀਲੇਅਰ ਲਈ ਆਮਦਨ ਆਦਿ ਸਬੰਧਤ ਵੇਰਵਿਆਂ ਦਾ ਜਿਕਰ ਕਰਦੇ ਹੋਏ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਸਵੈ-ਘੋਸ਼ਣਾ ਪੱਤਰ ਵੀ ਨਾਲ ਲੈ ਕੇ ਆਉਣ ਅਤੇ

8). ਯੋਗਤਾ ਆਦਿ ਸਬੰਧੀ ਸਰਟੀਫਿਕੇਟਾਂ ਦੀਆਂ ਸਵੈ-ਤਸਦੀਕ ਫੋਟੋ ਕਾਪੀਆਂ, ਫ਼ਾਈਲ ਕਵਰ ਵਿੱਚ ਨੱਥੀ ਕਰਕੇ ਕਾਊਸਲਿੰਗ ਦੌਰਾਨ ਪੇਸ਼ ਕਰਨਾ ਯਕੀਨੀ ਬਣਾਉਣਗੇ।

-ਸਹੀ-

ਸਕੱਤਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

ਮਿਤੀ:ਮੁਹਾਲੀ

04 ਅਗਸਤ,2021

# Annexure -A

ਕੋਵਿਡ-19 ਮਹਾਂਮਾਰੀ ਤੋਂ ਬਚਾਅ ਸਬੰਧੀ ਉਮੀਦਵਾਰਾਂ ਲਈ ਜਰੂਰੀ ਹਦਾਇਤਾਂ:-

1. ਦੇਸ਼ ਭਰ ਵਿੱਚ ਕੋਵਿਡ-19 ਮਹਾਂਮਾਰੀ ਦੇ ਫੈਲਣ ਕਾਰਨ ਉਤਪੰਨ ਹੋਏ ਮੌਜੂਦਾ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਨੋਟਿਸ ਵਿੱਚ ਦਰਸਾਏ ਸਡਿਊਲ ਅਨੁਸਾਰ ਕਾਊਸਲਿੰਗ ਵਿੱਚ ਹਾਜਰ ਹੋਣਾ ਯਕੀਨੀ ਬਣਾਉਦੇ ਹੋਏ ਸਮਾਜਿਕ ਦੂਰੀ (Social Distancing) ਦੇ ਨਿਯਮਾਂ ਦੀ ਪਾਲਣਾ ਕਰਨੀ ਵੀ ਯਕੀਨੀ ਬਣਾਉਣ।
2. ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਸੰਭਵ ਹੋਵੇ ਤਾਂ ਕਾਊਸਲਿੰਗ ਲਈ ਸਿਰਫ ਇੱਕਲੇ ਹੀ ਆਉਣ ਦੀ ਕੋਸ਼ਿਸ਼ ਕਰਨ, ਭਾਵ ਕਿ ਆਪਣੇ ਨਾਲ ਆਪਣੇ ਪਰੀਵਾਰ ਦੇ ਮੈਂਬਰ/ ਸਾਥੀ ਨੂੰ ਲੈ ਕੇ ਆਉਣ ਤੋਂ ਪ੍ਰਹੇਜ ਕਰਨ ਤਾਂ ਜੋ ਬੋਰਡ ਦੇ ਦਫਤਰ ਵਿੱਚ ਇੱਕਠ ਨਾ ਹੋ ਸਕੇ । ਵਣ ਕੰਪਲੈਕਸ ਵਿੱਚ ਸਥਿਤ ਬੋਰਡ ਦੇ ਦਫਤਰ ਵਿੱਚ ਸਿਰਫ ਉਮੀਦਵਾਰਾਂ ਨੂੰ ਹੀ ਅੰਦਰ ਆਉਣ ਦੀ ਆਗਿਆ ਦਿੱਤੀ ਜਾਵੇਗੀ।
3. ਹਰ ਉਮੀਦਵਾਰ ਦੀ Entry ਸਮੇਂ Thermal Screening ਕੀਤੀ ਜਾਵੇਗੀ, ਜਿਸਦੀ ਪਾਲਣਾ ਕਰਨਾ ਹਰ ਉਮੀਦਵਾਰ ਲਈ ਲਾਜਮੀ ਹੈ।
4. ਉਮੀਦਵਾਰ ਕੇਵਲ ਮਾਸਕ ਨਾਲ ਆਪਣਾ ਨੱਕ -ਮੂੰਹ ਢੱਕ ਕੇ ਹੀ ਕਾਊਂਸਲਿੰਗ ਲਈ ਆਉਣਗੇ। ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਾਲ Sanitizer ਲੈ ਕੇ ਆਉਣ ਤਾਂ ਜੋ ਬੋਰਡ ਦੇ ਦਫਤਰ ਪਹੁੰਚਣ ਦੌਰਾਣ Infection ਤੋਂ ਬਚਿਆ ਜਾ ਸਕੇ।
5. ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਜਦੀਕ Source of Infection ਨੂੰ Identify ਕਰਨ ਦੇ ਮੰਤਵ ਲਈ ਮੋਬਾਇਲ ਫੋਨ ਵਿੱਚ Aarogya Setu App and Cova App ਜਰੂਰ Install ਕਰਨ ਤਾਂ ਜੋ Covid-19 Infections ਹੋਣ ਦੇ ਖਤਰੇ ਤੋਂ ਸੁਚੇਤ ਹੋਇਆ ਜਾ ਸਕੇ ਅਤੇ ਆਪਣੇ ਆਸ-ਪਾਸ ਸੁਰੱਖਿਅਤ ਵਾਤਾਵਰਣ ਸਿਰਜਿਆ ਜਾ ਸਕੇ।
6. ਉਮੀਦਵਾਰ ਬੋਰਡ ਦੇ ਦਫਤਰ ਵਿਖੇ ਪਹੁੰਚ ਕਰਨ ਅਤੇ ਕਾਊਸਲਿੰਗ ਉਪਰੰਤ ਵਾਪਸ ਪਰਤਣ ਦੌਰਾਨ ਸਮਾਜਿਕ ਦੂਰੀ (Social Distancing) ਬਣਾਏ ਰੱਖਣਾ ਯਕੀਨੀ ਬਣਾਉਣਗੇ।
7. ਕਾਊਸਲਿੰਗ ਲਈ ਬੋਰਡ ਦੇ ਦਫਤਰ ਵਿਖੇ ਤੈਅ ਸਮੇਂ ਤੇ ਪਹੁੰਚਣਾ ਅਤੇ ਵਾਪਸ ਪਰਤਣ ਦੀ ਜਿੰਮੇਵਾਰੀ ਉਮੀਦਵਾਰਾਂ ਦੀ ਖੁਦ ਦੀ ਹੋਵੇਗੀ। ਕੋਵਿਡ-19 ਮਹਾਂਮਾਰੀ ਦੇ ਸੰਕਟ ਕਾਰਨ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੂਝਵਾਨ ਨਾਗਰਿਕ ਦੀ ਭੂਮਿਕਾ ਨਿਭਾਉਂਦੇ ਹੋਏ ਜਿੰਮੇਵਾਰੀ ਨਾਲ ਬੋਰਡ ਦੇ ਦਫਤਰ ਵਿਖੇ ਪਹੁੰਚਣ ਅਤੇ ਵਾਪਸ ਪਰਤਣ ਦੌਰਾਨ ਵੀ ਹਰ ਤਰ੍ਹਾਂ ਦੀ ਸਾਵਧਾਨੀ ਵਰਤਣ।
8. ਇਸ ਤੋਂ ਬਿਨ੍ਹਾਂ ਉਮੀਦਵਾਰ ਸਰਕਾਰ ਵਲੋਂ ਕੋਵਿਡ-19 ਸਬੰਧੀ ਵੱਖ-ਵੱਖ ਸਮੇਂ ਤੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ।

## Annexure-B

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
(S.S.S.BOARD, PUNJAB)
**ਵਣ ਭਵਨ** ਸੈਕਟਰ 68 ਐਸ **ਏ** ਐਸ ਨਗਰ

ਉਮੀਦਵਾਰ ਦੀ ਫੋਟੋ
ਸਵੈ ਤਸਦੀਕਸ਼ੁਦਾ ਫੋਟੋ

ਇਸ਼ਤਿਹਾਰ ਨੰ:4/2021 – ਸਕੂਲ ਲਾਇਬ੍ਰੇਰੀਅਨ ਦੀਆਂ ਅਸਾਮੀਆਂ ਭਰਨ ਲਈ ਲਏ ਗਏ ਲਿਖਤੀ ਪੇਪਰ ਵਿੱਚ ਪਾਸ ਹੋਏ ਉਮੀਦਵਾਰਾਂ ਦੀ ਕਾਉਸਲਿੰਗ ਦੀ ਮਿਤੀ :__________

ਅਪਲਾਈ ਕੀਤੀ ਗਈ **ਕੈਟਾਗਰੀ** ਦਾ ਨਾਮ **ਅਤੇ ਕੋਡ** ਨੰ: 1)__________(2)__________

1 ਰੋਲ ਨੰਬਰ :__________ ਲਿਖਤੀ ਪ੍ਰੀਖਿਆ ਮਿਤੀ 18/07/21 ਵਿੱਚ ਪ੍ਰਾਪਤ ਅੰਕ__________

2 ਉਮੀਦਵਾਰ ਦਾ ਨਾਂ__________ ਪਿਤਾ ਦਾ ਨਾਂ :__________

3. ਮਿਤੀ __________(01. 01. 2021 ਨੂੰ ਉਮਰ) (ਸਾਲ_____ ਮਹੀਨਾ_____ ਦਿਨ_____)

4 ਕੀ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੈ। __________

5 ਰਿਹਾਇਸੀ ਪਤਾ __________

__________

6 ਮੋਬਾਇਲ ਨੰਬਰ (1)__________(2)__________

**ਇਸ ਕਾਲਮ ਵਿੱਚ ਲੋੜੀਦੀ ਵਿਦਿਅਕ ਯੋਗਤਾ ਇਸ਼ਤਿਹਾਰ ਅਨੁਸਾਰ ਦਰਜ ਕੀਤੀ ਜਾਵੇ।**

| ਲੜੀ ਨੰ: | ਵਿਦਿਅਕ ਯੋਗਤਾ | ਬੋਰਡ/ ਯੂਨੀਵਰਸਿਟੀ | ਸਾਲ | ਕੁੱਲ ਅੰਕ | ਪ੍ਰਾਪਤ ਅੰਕ | ਪ੍ਰਾਪਤ ਪ੍ਰਤੀਸ਼ਤ |
|---|---|---|---|---|---|---|
| 1 | ਦਸਵੀਂ | | | | | |
| 2 | ਬਾਰ੍ਹਵੀਂ | | | | | |
| 3 | ਡਿਪਲੋਮਾ ਲਾਇਬ੍ਰੇਰੀ ਸਾਇੰਸ | | | | | |
| 4 | ਬੀ.ਲਿਬ/ ਐਮ.ਲਿਬ | | | | | |

1) ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋ ਭਰੇ ਗਏ ਉਪਰੋਕਤ ਵੇਰਵੇ ਸਹੀ ਅਤੇ ਦਰੁਸਤ ਹਨ।
2) ਅਰਜੀ ਨਾਲ ਨੱਥੀ ਦਸਤਾਵੇਜ ਮੇਰੇ ਵੱਲੋਂ ਪ੍ਰਮਾਣਿਤ ਕੀਤੇ ਜਾਂਦੇ ਹਨ।
3) ਉਪਰੋਕਤ ਜਾਣਕਾਰੀ ਅਤੇ ਦਸਤਾਵੇਜਾਂ ਦੀ ਫਾਈਲ ਜਮਾਂ ਕਰਵਾਉਣ ਵੇਲੇ ਮੇਰੇ ਵੱਲੋਂ ਕੋਈ ਵੀ ਤੱਥ ਨਾ ਛੁਪਾਇਆ ਗਿਆ ਹੈ ਅਤੇ ਨਾ ਹੀ ਝੂਠਾ/ਗਲਤ ਪੇਸ ਕੀਤਾ ਗਿਆ ਹੈ।
4) ਅਸਲ ਦਸਤਾਵੇਜ ਦੇ ਸਹੀ ਨਾ ਪਾਉਣ ਤੇ ਮੈਂ ਆਪਣੇ ਵਿਰੁੱਧ ਬਣਦੀ ਸਿਵਲ ਅਤੇ ਫੌਜਦਾਰੀ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ ਅਤੇ ਮੈਂ ਜਾਣੂ ਹਾਂ ਕਿ ਇਸ ਨਾਲ ਮੇਰੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

ਪ੍ਰਾਰਥੀ ਦੇ ਹਸਤਾਖਰ

### ਦਫਤਰੀ ਵਰਤੋ ਲਈ

6. ਰਾਖਵੀ ਸ੍ਰੇਣੀ ਸਰਟੀਫਿਕੇਟ:__________ ਹਸਤਾਖਰ
8. ਸਾਬਕਾ ਫੌਜੀ ਸਰਟੀਫਿਕੇਟ__________ ਹਸਤਾਖਰ

(ੳ) ਤਸਦੀਕ ਕੀਤਾ ਜਾਂਦਾ ਹੈ ਕਿ ਪ੍ਰਾਰਥੀ ਦੇ ਉਕਤ ਵੇਰਵਿਆਂ ਸਬੰਧੀ ਅਸਲੀ ਦਸਤਾਵੇਜ/ ਪ੍ਰਾਰਥੀ ਦਾ ਬਿਨੈ ਪੱਤਰ ਚੈਕ ਕਰ ਲਏ ਗਏ ਹਨ। ਉਪਰੋਕਤ ਵੇਰਵੇ ਅਸਲ ਸਰਟੀਫਿਕੇਟਾਂ ਅਨੁਸਾਰ ਹਨ।

(ਅ) ਕਮੇਟੀ ਮੈਂਬਰ ਸਾਹਿਬਾਨ ਵਲੋਂ ਦਿੱਤੀ ਟਿੱਪਣੀ ਜੋ ਵੀ ਹੋਵੇ।

ਕਮੇਟੀ ਨੰਬਰ:- __________

ਕਮੇਟੀ ਮੈਂਬਰਾਂ ਦੇ ਹਸਤਾਖਰ (1) __________(2)__________

ਬੋਰਡ ਮੈਂਬਰ ਦੇ ਹਸਤਾਖਰ __________

# Annexure-C

## ਵਿੱਦਿਅਕ ਯੋਗਤਾ ਸਬੰਧੀ ਸਵੈ-ਘੋਸ਼ਣਾ/ ਤਸਦੀਕ ਪੱਤਰ

**(ਬਾਬਤ ਇਸ਼ਤਿਹਾਰ ਨੰਬਰ 04/2021 ਸਕੂਲ ਲਾਇਬ੍ਰੇਰੀਅਨ ਦੀ ਕੌਂਸਲਿੰਗ ਸਬੰਧੀ)**

1) ਮੈਂ ____________________ ਪੁੱਤਰ/ ਪੁੱਤਰੀ ਸ਼੍ਰੀ ____________________ ਵਾਸੀ ______________
________________________________________________ ਰੋਲ ਨੰ:______________ ਅਧੀਨ
____________________ ਦੀ ਆਸਾਮੀ ਲਈ ਅਪਲਾਈ ਕੀਤਾ ਸੀ।

2) ਇਹ ਕਿ ਮੈਂ ਸਬੰਧਤ/ਉਪਰੋਕਤ ਪੋਸਟ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹਾਂ ਅਤੇ ਮੇਰੇ ਵੱਲੋਂ ਵੱਖ-ਵੱਖ ਯੂਨੀਸਿਟੀਆਂ ਤੋਂ ਪ੍ਰਾਪਤ ਵਿੱਦਿਅਕ ਯੋਗਤਾਵਾਂ, ਜੋ ਕਿ ਮੈਂ ਪਾਸ ਕੀਤੀਆਂ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਵਿਦਿਅਕ ਯੋਗਤਾ | ਯੂਨੀਵਰਸਿਟੀ /ਬੋਰਡ | ਸਾਲ | ਰੈਗੂਲਰ / ਡਿਸਟੈਂਸ / ਪ੍ਰਾਈਵੇਟ ਪੱਤਰ /ਵਿਹਾਰ ਰਾਹੀਂ | ਸੰਸਥਾ (ਸਕੂਲ/ਕਾਲਜ) ਦਾ ਨਾਮ | ਯੂਨੀਵਰਸਿਟੀ/ ਸਟੱਡੀ ਸੈਂਟਰ /ਸੰਸਥਾ ਦਾ ਨਾਮ ਅਤੇ ਪਤਾ ਜਿੱਥੇ ਲੈਕਚਰ ਲਗਾਏ ਗਏ। | ਪ੍ਰੀਖਿਆਂ ਕੇਂਦਰ ਦਾ ਨਾਮ ਤੇ ਪਤਾ | ਸੈਸ਼ਨ ਦੋਰਾਨ ਰਿਹਾਇਸ਼ ਦਾ ਪੂਰਾ ਵੇਰਵਾ | [illegible] |
|---|---|---|---|---|---|---|---|---|---|
| 1 | ਦਸਵੀ | | | | | | | | |
| 2 | 10+2 | | | | | | | | |
| 3 | Two years Diploma course in Library Science from a recognized university or institution | | | | | | | | |
| 4 | Higher Education in the relevant field. | | | | | | | | |

| ਲੜੀ ਨੰਬਰ | ਡਿਪਲੋਮਾ/ਡਿਗਰੀ ਦੌਰਾਨ ਪੜੇ ਗਏ ਵਿਸ਼ੇ | ਪੜਾਉਣ ਵਾਲੇ ਅਧਿਆਪਕ ਦਾ ਨਾਂ | ਜਿੱਥੇ ਕਲਾਸ/ਲੈਕਚਰ ਲਗਾਏ ਗਏ |
|---|---|---|---|
| 1 | | | |
| 2 | | | |
| 3 | | | |
| 4 | | | |
| 5 | | | |

1) ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋ ਭਰੇ ਗਏ ਉਪਰੋਕਤ ਵੇਰਵੇ ਸਹੀ ਅਤੇ ਦਰੁਸਤ ਹਨ।
2) ਅਰਜੀ ਨਾਲ ਨੱਥੀ ਦਸਤਾਵੇਜ ਮੇਰੇ ਵੱਲੋਂ ਪ੍ਰਮਾਣਿਤ ਕੀਤੇ ਜਾਂਦੇ ਹਨ।
3) ਉਪਰੋਕਤ ਜਾਣਕਾਰੀ ਅਤੇ ਦਸਤਾਵੇਜਾਂ ਦੀ ਫਾਈਲ ਜਮਾਂ ਕਰਵਾਉਣ ਵੇਲੇ ਮੇਰੇ ਵੱਲੋਂ ਕੋਈ ਵੀ ਤੱਥ ਨਾ ਛੁਪਾਇਆ ਗਿਆ . ਹੈ ਅਤੇ ਨਾ ਹੀ ਝੂਠਾ/ਗਲਤ ਪੇਸ਼ ਕੀਤਾ ਗਿਆ ਹੈ।
4) ਅਸਲ ਦਸਤਾਵੇਜ ਦੇ ਸਹੀ ਨਾ ਪਾਉਣ ਤੇ ਮੈਂ ਆਪਣੇ ਵਿਰੁੱਧ ਬਣਦੀ ਸਿਵਲ ਅਤੇ ਫੌਜਦਾਰੀ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ ਅਤੇ ਮੈਂ ਜਾਣੂ ਹਾਂ ਕਿ ਇਸ ਨਾਲ ਮੇਰੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

**ਮਿਤੀ/ਸਥਾਨ:**

(ਬਿਆਨਕਰਤਾ